# Bilateral meeting of External Affairs Minister with Winston Peters, Deputy Prime Minister and Foreign Minister of New Zealand

February 26, 2020

……………………………………………………………………

## ਵਿਦੇਸ਼ ਮੰਤਰੀ ਦੀ ਨਿਊਜ਼ੀਲੈਂਡ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਵਿੰਸਟਨ ਪੀਟਰਜ਼ ਨਾਲ ਦੁਵੱਲੀ ਮੁਲਾਕਾਤ

26 ਫਰਵਰੀ, 2020

ਨਿਊਜ਼ੀਲੈਂਡ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਮਹਾਮਹਿਮ ਸ੍ਰੀ ਵਿੰਸਟਨ ਪੀਟਰਜ਼, ਵਪਾਰ ਮੰਤਰੀ ਸ਼੍ਰੀ ਡੇਵਿਡ ਪਾਰਕਰ ਅਤੇ ਉਨ੍ਹਾਂ ਦੇ ਨਾਲ ਇੱਕ ਵਪਾਰਕ ਪ੍ਰਤੀਨਿਧੀ ਮੰਡਲ 25 ਤੋਂ 28 ਫਰਵਰੀ, 2020 ਤੱਕ ਭਾਰਤ ਦਾ ਦੌਰਾ ਕਰ ਰਿਹਾ ਹੈ.

ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਨੇ ਵਿਦੇਸ਼ ਮੰਤਰੀ (EAM) ਐਸ. ਜੈਸ਼ੰਕਰ ਨਾਲ 26 ਫਰਵਰੀ, 2020 ਨੂੰ ਮੁਲਾਕਾਤ ਕਰ ਦੁਵੱਲੇ ਸੰਬੰਧਾਂ ਦੇ ਹਾਲਾਤ ਦਾ ਜਾਇਜ਼ਾ ਲਿਆ ਅਤੇ ਰਾਜਨੀਤਿਕ, ਆਰਥਿਕ, ਰੱਖਿਆ, ਸੁਰੱਖਿਆ ਅਤੇ ਦੋਨਾਂ ਧਿਰਾਂ ਪਾਸੋਂ ਦੇ ਲੋਕਾਂ ਦੇ ਲੋਕਾਂ ਨਾਲ ਸੰਬੰਧਾਂ 'ਚ ਮਜ਼ਬੂਤੀ ਲਿਆਉਣ ਲਈ ਕਦਮਾਂ ਬਾਰੇ ਵਿਚਾਰ ਵਟਾਂਦਰੇ ਕੀਤੇ।

ਇਸ ਮੀਟਿੰਗ ਤੋਂ ਬਾਅਦ ਹੈਦਰਾਬਾਦ ਹਾਊਸ ਵਿਖੇ ਰਾਤ ਦਾ ਭੋਜ ਕੀਤਾ ਗਿਆ, ਜਿਸ ਵਿੱਚ ਵਪਾਰ ਮੰਤਰੀ ਪੀਟਰਜ਼ ਵੀ ਸ਼ਾਮਲ ਹੋਏ, ਜਿਨ੍ਹਾਂ ਨੇ 26 ਫਰਵਰੀ, 2020 ਨੂੰ ਮਾਨਯੋਗ ਵਣਜ ਅਤੇ ਉਦਯੋਗ ਮੰਤਰੀ ਸ਼੍ਰੀ ਪਿਯੂਸ਼ ਗੋਇਲ ਨਾਲ ਵੀ ਮੁਲਾਕਾਤ ਕੀਤੀ ਸੀ। ਮੰਤਰੀ ਪਾਰਕਰ ਨੇ ਮਾਨਯੋਗ ਵਿੱਤ ਮੰਤਰੀ ਸ੍ਰੀਮਤੀ ਨਿਰਮਲਾ ਸੀਤਾਰਮਨ  ਨਾਲ26 ਫਰਵਰੀ, 2020 ਨੂੰ  ਮੁਲਾਕਾਤ ਕੀਤੀ।

ਉਪ ਪ੍ਰਧਾਨ ਮੰਤਰੀ ਪੀਟਰਜ਼ 27 ਫਰਵਰੀ, 2020 ਨੂੰ ਮਾਨਯੋਗ ਵਾਤਾਵਰਣ, ਜੰਗਲਾਤ ਅਤੇ ਮੌਸਮ ਪਰਿਵਰਤਨ ਮੰਤਰੀ ਸ਼੍ਰੀ ਪ੍ਰਕਾਸ਼ ਜਾਵਡੇਕਰ ਨੂੰ ਮਿਲਣਗੇ। ਨਿਊਜ਼ੀਲੈਂਡ ਦਾ ਵਫਦ ਮੁੰਬਈ ਦਾ ਦੌਰਾ ਕਰ ਭਾਰਤੀ ਉਦਯੋਗਾਂ ਨਾਲ ਵੀ ਗੱਲਬਾਤ ਕਰੇਗਾ।

ਨਿਊਜ਼ੀਲੈਂਡ ਦੇ ਉਪ ਪ੍ਰਧਾਨ ਮੰਤਰੀ ਨੇ ਆਪਣੇ ਭਾਰਤ ਦੌਰੇ ਤੋਂ ਪਹਿਲਾਂ ਇੱਕ ਨਵਾਂ ਰਣਨੀਤਕ ਪੇਪਰ "ਭਾਰਤ 2025-ਰਿਸ਼ਤਿਆਂ ਵਿਚ ਨਿਵੇਸ਼" ਜਾਰੀ ਕੀਤਾ ਸੀ, ਜੋ ਨਿਊਜ਼ੀਲੈਂਡ ਇੰਕ-ਇੰਡੀਆ ਰਣਨੀਤੀ 2011 ਦੀ ਲਗਾਤਾਰਤਾ ਵਿਚ ਹੈ। ਭਾਰਤੀ ਵਿਦੇਸ਼ ਮੰਤਰੀ ਨੇ ਕਿਹਾ ਕਿ ਇਹ ਪੇਪਰ ਦੁਵੱਲੇ ਸੰਬੰਧਾਂ ਨੂੰ ਮਜ਼ਬੂਤ ਕਰਨ ਦੀ ਇੱਛਾ ਦਾ ਪ੍ਰਤੀਕ ਹੈ, ਜੋ ਦੋਹਾਂ ਦੇਸ਼ਾਂ ਦਾ ਸਾਂਝਾ ਮੰਤਵ ਹੈ। ਭਾਰਤ ਨੇ ਸੂਰਜੀ ਊਰਜਾ ਅਤੇ ਜਲਵਾਯੂ ਕਾਰਵਾਈ ਦੇ ਮਸਲਿਆਂ ਤੇ ਨਿਊਜ਼ੀਲੈਂਡ ਵੱਲੋਂ

ਭਾਰਤੀ- ਪ੍ਰਸ਼ਾਂਤ ਮਹਾਂਸਾਗਰ ਖੇਤਰ ਪਹਿਲ (IPOI) ਅਤੇ ਕੌਮਾਂਤਰੀ ਸੂਰਜੀ ਗਠਜੋੜ (ISA) ਨੂੰ ਦਿੱਤੇ ਗਏ ਸਹਿਯੋਗ ਲਈ ਇਸਦਾ ਧੰਨਵਾਦ ਕੀਤਾ।

ਦੋਵਾਂ ਪੱਖਾਂ ਨੇ ਭਾਰਤ -ਪ੍ਰਸ਼ਾਂਤ ਖੇਤਰ ਵਿਚ ਆਪਣੇ-ਆਪਣੇ ਦ੍ਰਿਸ਼ਟੀਕੋਣ ਬਾਰੇ ਵਿਚਾਰ ਵਟਾਂਦਰੇ ਕੀਤੇ ਅਤੇ ਪੂਰਬੀ ਏਸ਼ੀਆ ਸ਼ਿਖਰ ਸੰਮੇਲਨ ਅਤੇ ਸੰਬੰਧਿਤ ਫੋਰਮਾਂ ਵਿੱਚ ਇਕੱਠੇ ਕੰਮ ਕਰਨ 'ਤੇ ਸਹਿਮਤੀ ਪ੍ਰਗਟਾਈ. ਉਨ੍ਹਾਂ ਨੇ ਇਸ ਇਲਾਕੇ ਵਿਚ ਸ਼ਾਂਤੀ ਅਤੇ ਸਥਿਰਤਾ ਬਰਕਰਾਰ ਰੱਖਣ ਲਈ ਯੂ.ਐਨ.ਸੀ.ਐੱਲ.ਓ.ਐੱਸ. ਸਮੇਤ ਪ੍ਰਭੂਸੱਤਾ, ਖੇਤਰੀ ਅਖੰਡਤਾ ਅਤੇ ਅੰਤਰਰਾਸ਼ਟਰੀ ਕਾਨੂੰਨ ਦਾ ਸਤਿਕਾਰ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਹ ਇਸ ਗੱਲ 'ਤੇ ਵੀ ਸਹਿਮਤ ਹਨ ਕਿ ਸਥਿਰ ਅੰਤਰਰਾਸ਼ਟਰੀ ਵਪਾਰਕ ਮਾਹੌਲ ਜ਼ਰੂਰੀ ਹੈ ਅਤੇ ਡਬਲਯੂ.ਟੀ.ਓ. ਵਿੱਚ ਉਸਾਰੂ ਗੱਲਬਾਤ ਕਰਨ 'ਤੇ ਸਹਿਮਤ ਹੋਏ. ਨਿਊਜ਼ੀਲੈਂਡ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿਚ ਭਾਰਤ ਦੀ ਸਥਾਈ ਮੈਂਬਰਸ਼ਿਪ ਲਈ ਆਪਣਾ ਸਮਰਥਨ ਜ਼ਾਹਰ ਕੀਤਾ।

ਨਿਊਜ਼ੀਲੈਂਡ ਵਿਚ ਭਾਰਤੀ ਪ੍ਰਵਾਸੀਆਂ ਅਤੇ ਵਿਦਿਆਰਥੀਆਂ ਦੀ ਵੱਧ ਰਹੀ ਤਾਦਾਦ ਦੋਵਾਂ ਦੇਸ਼ਾਂ ਵਿਚਾਲੇ ਦਾ ਇਕ ਮਜ਼ਬੂਤ ਸਬੰਧ ਹੈ, ਜੋ ਦੋਨਾਂ ਦੇਸ਼ ਦੀ ਗੂੜ੍ਹੀ ਭਾਈਵਾਲੀ 'ਚ ਚੰਗਾ ਯੋਗਦਾਨ ਪਾ ਰਿਹਾ ਹੈ.

ਨਵੀਂ ਦਿਲੀ
26 ਫਰਵਰੀ, 2020

DISCLAIMER : This is an approximate translation. The original is available in English on MEA’s website and may be referred to as the official press release.